ਭਗਤ ਬੇਣੀ - ਸਬਦ ੧

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥

ਰਾਗੁ ਸ੍ਰੀਰਾਗ, ਭਗਤ ਬੇਣੀ, ਗੁਰੂ ਗ੍ਰੰਥ ਸਾਹਿਬ, ੯੩

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥
ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥
ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥
ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥
ਜਪੁ ਤਪੁ ਸੰਜਮੁ ਛੋਡਿ ਸੁਕਿ®ਤ ਮਤਿ ਰਾਮ ਨਾਮੁ ਨ ਅਰਾਧਿਆ ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥
ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥੩॥
ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥
ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥
ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥
ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥
ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥
ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥

ਸਾਰ: ਅਮਰਤਾ ਇਸ ਬੋਧ ਨੂੰ ਦਰਸਾਉਂਦੀ ਹੈ ਕਿ ਚੇਤਨਾ ਸਰੀਰਕ ਹੋਂਦ ਅਤੇ ਅਸਥਾਈ ਪਛਾਣ ਤੋਂ ਪਾਰ ਪਸਰਦੀ ਹੈ। ਉਹ ਅਵਸਥਾ ਜੋ ਹਉਮੈ ਤੋਂ ਅਛੂਤ ਹੈ, ਜਿਸ ਵਿਚ ਸਰੀਰ ਦੀ ਨਾਸ਼ਵੰਤਾ ਦੀ ਸੂਝ ਸੁਭਾਵਿਕ ਤੌਰ 'ਤੇ ਹੋ ਜਾਂਦੀ ਹੈ, ਅਹੰਕਾਰ ਦੇ ਪਹਾੜ ਢੇਰ ਹੋ ਜਾਂਦੇ ਹਨ ਅਤੇ ਦਵੰਦ ਮਿਟਣ ਲੱਗਦੇ ਹਨ। ਪਰ ਜਦੋਂ ਮਨ ਰੁਤਬੇ, ਗਿਆਨ, ਸੰਪਤੀ ਜਾਂ ਪਛਾਣ ਨਾਲ ਮੋਹਿਤ ਹੋ ਜਾਂਦਾ ਹੈ, ਤਦ ਚੇਤਨਾ ਭਰਮ ਦੇ ਜਾਲ ਵਿਚ ਫਸ ਜਾਂਦੀ ਹੈ ਅਤੇ ਆਪਣੇ ਮੂਲ ਨਿਰਮਲ ਸਰੂਪ ਨੂੰ ਵਿਸਾਰ ਦਿੰਦੀ ਹੈ। ਇਸ ਵਿਖੰਡਤਾ ਤੋਂ ਹੀ ਸੰਦੇਹ, ਪਛਤਾਵਾ ਉਲਝਣਾਂ ਅਤੇ ਭਟਕਣਾ ਪੈਦਾ ਹੁੰਦੀ ਹੈ। ਸਪਸ਼ਟਤਾ ਵੱਲ ਵਾਪਸੀ ਉਸ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਅੰਤਰ-ਆਤਮਾ ਉਸ ਸਦੀਵੀ ਹਾਜ਼ਰਤਾ ਨੂੰ ਪਛਾਣ ਲੈਂਦੀ ਹੈ ਜੋ ਸਾਰੇ ਬਦਲਦੇ ਰੂਪਾਂ ਦੇ ਹੇਠਾਂ ਅਡੋਲ ਅਤੇ ਅਛੂਤ ਰਹਿੰਦੀ ਹੈ, ਅਤੇ ਜੋ ਅਮਰ ਚੇਤਨਾ ਦਾ ਪ੍ਰਤੀਬਿੰਬ ਹੈ।

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਹੇ ਮਨੁੱਖ, ਜਦੋਂ ਤੂੰ ਮਾਂ ਦੇ ਗਰਭ ਵਿਚ ਸੁਰੱਖਿਅਤ ਪਰ ਉਲਟਾ ਲਟਕਿਆ ਹੋਇਆ ਸੀ, ਤਦੋਂ ਤੂੰ ਗੂੜ੍ਹ ਚਿੰਤਨ ਵਿਚ ਲੀਨ ਸੀ। ਗਰਭ ਕੁੰਡਲ ਦਾ ਇਹ ਸੰਕੇਤ ਆਤਮ-ਚਿੰਤਨ ਦੀ ਉਸ ਜਨਮਜਾਤ ਸਮਰੱਥਾ ਨੂੰ ਦਰਸਾਉਂਦਾ ਹੈ ਜੋ ਅੰਤਰ-ਆਤਮਾ ਨੂੰ ਪਾਲਦੀ ਅਤੇ ਵਿਕਸਿਤ ਕਰਦੀ ਹੈ। ਉਸ ਅਵਸਥਾ ਵਿਚ ਮਨ ਸੰਸਾਰਿਕ ਪਛਾਣ, ਅਹੰਕਾਰ, ਮਾਣ-ਸਨਮਾਨ ਅਤੇ ਭੌਤਿਕ ਸੰਪਤੀਆਂ ਦੀਆਂ ਭਟਕਣਾਵਾਂ ਤੋਂ ਅਛੂਤ ਰਹਿੰਦਾ ਹੈ।

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਸਰੀਰ ਦੀ ਨਾਸ਼ਵੰਤਾ ਦੀ ਸੂਝ ਸੀ; ਅਹੰਕਾਰ ਦੇ ਅਸਰ ਤੋਂ ਅਭਿੱਜ; ਦਿਨ ਅਤੇ ਰਾਤ ਨੂੰ ਇਕ ਇਕਾਈ ਵਜੋਂ ਅਨੁਭਵ ਕੀਤਾ ਜਾਂਦਾ ਸੀ; ਅਤੇ ਅਗਿਆਨਤਾ ਦੀ ਕੋਈ ਹੋਂਦ ਨਹੀਂ ਸੀ। ਇਹ ਭਾਵ ਉਸ ਅਵਸਥਾ ਨੂੰ ਦਰਸਾਉਂਦਾ ਹੈ ਜੋ ਹਉਮੈ ਦੇ ਵਿਕਾਸ ਤੋਂ ਪਹਿਲਾਂ ਦੀ ਹੈ, ਜਦੋਂ ਜੀਵ ਸਰੀਰ, ਸਮਾਜਿਕ ਦਰਜੇ, ਗਿਆਨ ਜਾਂ ਕਿਸੇ ਪਛਾਣ ਨਾਲ ਨਹੀਂ ਜੁੜਿਆ ਸੀ।

ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥

ਤੀਬਰ ਦੁੱਖ ਦੇ ਦਿਨਾਂ ਨੂੰ ਯਾਦ ਕਰ, ਹੁਣ ਮਨ ਨੂੰ ਬਹੁਤਾਤ ਨਾਲ ਜੋੜਨ ਦੀ ਪੀੜਾ ਝੱਲ ਰਿਹਾ ਹੈ। ਇਹ ਭਾਵ ਮਨ ਦੀ ਕੈਦ ਅਤੇ ਉਸ ਵੇਦਨਾ ਵੱਲ ਸੰਕੇਤ ਕਰਦਾ ਹੈ ਜੋ ਉਸ ਵੇਲੇ ਉਤਪੰਨ ਹੁੰਦੀ ਹੈ ਜਦੋਂ ਚਿੱਤ ਇੱਛਾਵਾਂ, ਡਰ, ਮੋਹ ਅਕਾਂਖਿਆਵਾਂ ਅਤੇ ਨਿਯੰਤਰਣ ਦੀ ਲਾਲਸਾ ਵਿਚ ਖਚਤ ਹੋ ਜਾਂਦਾ ਹੈ।

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥

ਗਰਭ ਛੱਡਣ ਅਤੇ ਇਸ ਸੰਸਾਰ ਵਿਚ ਪ੍ਰਵੇਸ਼ ਕਰਨ 'ਤੇ, ਅਸੀਂ ਆਪਣੀ ਜਨਮਜਾਤ, ਸਰਬ-ਵਿਆਪਕ ਚੇਤਨਾ ਨੂੰ ਵਿਸਾਰ ਦਿੰਦੇ ਹਾਂ। ਇਹ ਭਾਵ ਰੂਹਾਨੀਅਤ ਨੂੰ ਵਿਸਾਰਣ ਦੇ ਅਗਾਜ਼ ਨੂੰ ਦਰਸਾਉਂਦਾ ਹੈ, ਕਿਉਂਕਿ ਸਾਡਾ ਮਨ ਸਰੀਰ, ਰਿਸ਼ਤਿਆਂ, ਵਸਤਾਂ ਅਤੇ ਪਛਾਣ ਵਿਚ ਗ੍ਰਸਤ ਹੋ ਜਾਂਦਾ ਹੈ, ਸਾਨੂੰ ਸਵੈ-ਚਿੰਤਨ ਤੋਂ ਭਟਕਾਉਂਦਾ ਹੈ। (੧)

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥

ਹੇ ਅਗਿਆਨੀ ਜੀਵ, ਤੈਨੂੰ ਬਾਅਦ ਵਿਚ ਪਛਤਾਵਾ ਹੋਵੇਗਾ। ਤੂੰ ਬੁਰੀ ਸੋਚ ਅਤੇ ਦੁਬਿਧਾ ਵਿਚ ਕਿਉਂ ਡੁੱਬਿਆ ਹੋਇਆ ਹੈਂ? ਇਹ ਭਾਵ ਉਸ ਦੁੱਖ ਨੂੰ ਦਰਸਾਉਂਦਾ ਹੈ ਜੋ ਉਦੋਂ ਪੈਦਾ ਹੁੰਦਾ ਹੈ ਜਦੋਂ ਅੰਤਹਕਰਣ ਨੂੰ ਬਹੁਤ ਦੇਰੀ ਨਾਲ ਅਹਿਸਾਸ ਹੁੰਦਾ ਹੈ ਕਿ ਇਹ ਝੂਠੀਆਂ ਤਰਜੀਹਾਂ ਵਿਚ ਹੀ ਖਚਿਤ ਰਿਹਾ ਹੈ।

ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥

ਸਰਬ ਵਿਆਪਕ ਚੇਤਨਾ 'ਤੇ ਚਿੰਤਨ ਕਰੋ; ਇਸ ਤੋਂ ਬਿਨਾਂ, ਤੁਸੀਂ ਰੂਹਾਨੀ ਮੌਤ ਦੇ ਖੰਡ ਵਿਚ ਪਹੁੰਚ ਜਾਓਗੇ, ਅਤੇ ਬਿਨਾਂ ਕਿਸੇ ਉਦੇਸ਼ ਦੇ, ਤੁਸੀਂ ਭਰਮਾਂ ਵਿਚ ਬੇਰੋਕ ਭਟਕਦੇ ਰਹੋਗੇ। ਇਹ ਚੇਤਾਵਨੀ ਦਰਸਾਉਂਦੀ ਹੈ ਕਿ ਸਵੈ-ਚਿੰਤਨ ਤੋਂ ਬਿਨਾਂ, ਮਨ ਜੀਵਨ ਵਿਚ ਦਿਸ਼ਾਹੀਨ ਭਟਕਦਾ ਰਹਿੰਦਾ ਹੈ। (੧)(ਠਹਿਰਾਉ)

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥

ਇਕ ਬੱਚੇ ਵਾਂਗ ਜੋ ਅਸਥਾਈ ਖੁਸ਼ੀਆਂ ਦੇ ਪਿੱਛੇ ਦੋੜਦਾ ਰਹਿੰਦਾ ਹੈ, ਅਸੀਂ ਅਕਸਰ ਆਪਣੇ ਆਪ ਨੂੰ ਦੁਨਿਆਵੀ ਮੋਹ ਵਿਚ ਗ੍ਰਸਤ ਕਰਦੇ ਜਾਂਦੇ ਹਾਂ। ਇਹ ਭਾਵ ਯਾਦ ਦਿਵਾਉਂਦਾ ਹੈ ਕਿ ਕਿਵੇਂ ਸਾਡਾ ਮਨ,

ਭਰਮਾਂ ਵਿਚ ਫਸ ਕੇ, ਬਾਹਰੀ ਭਟਕਣਾਵਾਂ 'ਤੇ ਨਿਰਭਰ ਹੋ ਸਕਦਾ ਹੈ, ਅਤੇ ਆਪਣੀ ਗੂੜ੍ਹ ਅੰਤਰੀਵੀ ਅਵਾਜ਼ ਨੂੰ ਵਿਸਾਰ ਦਿੰਦੇ ਹਾਂ।

ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥
ਸੰਸਾਰਿਕ ਭੋਗ-ਵਿਲਾਸ, ਭਾਵੇਂ ਉਹ ਮਿੱਠੇ ਹੋਣ, ਸੁਆਦਲੇ ਹੋਣ, ਕੌੜੇ ਹੋਣ, ਨਕਾਰਾਤਮਕ ਹੋਣ ਜਾਂ ਸਕਾਰਾਤਮਕ, ਪੰਜ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈਂ ਨੂੰ ਜਨਮ ਦਿੰਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਸਾਡੀਆਂ ਇੰਦ੍ਰੀਆਂ ਸਾਡੇ ਉੱਤੇ ਹਾਵੀ ਹੋ ਜਾਂਦੀਆਂ ਹਨ, ਤਾਂ ਉਹ ਮਨ ਵਿਚ ਇਕ ਅਜਿਹੀ ਕੁੜੱਤਣ ਪੈਦਾ ਕਰਦੀਆਂ ਹਨ, ਜਿਸ ਕਾਰਨ ਅਸੀਂ ਛਿਣ-ਭੰਗਰ ਸੁਖਾਂ ਨੂੰ ਹੀ ਅਸਲ ਤ੍ਰਿਪਤੀ ਸਮਝਣ ਦੀ ਭੁੱਲ ਕਰ ਬੈਠਦੇ ਹਾਂ।

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥
ਜਦੋਂ ਮਨ ਚਿੰਤਨ ਦੇ ਅਭਿਆਸ, ਧੀਰਜ ਅਤੇ ਅਡੋਲਤਾ, ਅਤੇ ਜੀਵਨ ਦੀ ਸਚਿਆਰਤਾ ਦੇ ਗੁਣਾਂ ਨੂੰ ਤਿਆਗ ਦਿੰਦਾ ਹੈ, ਤਾਂ ਅਗਿਆਨੀ ਮਨ ਸਰਬ-ਵਿਆਪਕ ਚੇਤਨਾ ਦੀ ਹਰ ਥਾਂ ਹਾਜ਼ਰਤਾ ਨੂੰ ਯਾਦ ਰੱਖਣ ਤੋਂ ਭਟਕ ਜਾਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਭਟਕਣਾਵਾਂ ਆਤਮ-ਚਿੰਤਨ ਉੱਤੇ ਹਾਵੀ ਹੋ ਜਾਂਦੀਆਂ ਹਨ, ਤਾਂ ਮਨ ਆਪਣੇ ਅੰਤਰੀਵੀ ਅਨੁਸ਼ਾਸਨ ਅਤੇ ਸੰਤੁਲਨ ਗੁਆ ਬੈਠਦਾ ਹੈ।

ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥
ਜਦੋਂ ਮਨ ਬੇਕਾਬੂ ਇੱਛਾਵਾਂ ਵਿਚ ਖਚਤ ਹੋ ਜਾਂਦਾ ਹੈ, ਤਾਂ ਬੁੱਧੀ ਨਕਾਰਾਤਮਕਤਾ ਨਾਲ ਧੁੰਦਲੀ ਹੋ ਉਨ੍ਹਾਂ ਦੇ ਪ੍ਰਭਾਵ ਅਧੀਨ ਬੱਝ ਜਾਂਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਬੇਲਗਾਮ ਵਿਚਾਰ ਮਨ ਨੂੰ ਇਸ ਭਰਮ ਵਿਚ ਪਾ ਸਕਦੇ ਹਨ ਕਿ ਉਹ ਆਜ਼ਾਦੀ ਦਾ ਅਨੁਭਵ ਕਰ ਰਿਹਾ ਹੈ, ਜਦਕਿ ਅਸਲ ਵਿਚ ਉਹ ਮੋਹ ਦੀਆਂ ਜੰਜ਼ੀਰਾਂ ਵਿਚ ਜਕੜਿਆ ਹੁੰਦਾ ਹੈ। (੨)

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥
ਅਪੱਰਪੱਕਤਾ ਦੇ ਪਲਾਂ ਵਿਚ, ਅਸੀਂ ਦੂਜਿਆਂ ਦੀ ਚੀਜ਼ ਦੀ ਲਾਲਸਾ ਕਰਦੇ ਹਾਂ ਅਤੇ ਇਹ ਸਮਝਣ ਦੀ ਯੋਗਤਾ ਗੁਆ ਦਿੰਦੇ ਹਾਂ ਕਿ ਕੀ ਲਾਭਦਾਇਕ ਹੈ ਅਤੇ ਕੀ ਨੁਕਸਾਨਦੇਹ ਹੈ। ਇਹ ਭਾਵ ਦਰਸਾਉਂਦਾ ਹੈ ਕਿ

ਕਿਵੇਂ ਬੇਸਮਝ ਇੱਛਾਵਾਂ ਨਿਰਣੇ ਨੂੰ ਧੁੰਦਲਾ ਕਰ ਸਕਦੀਆਂ ਹਨ ਅਤੇ ਉਹਨਾਂ ਨੂੰ ਗੁੰਮਰਾਹਕੁੰਨ ਇਰਾਦਿਆਂ ਵਿਚ ਬਦਲ ਸਕਦੀਆਂ ਹਨ।

ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥
ਬੇਕਾਬੂ ਇੱਛਾਵਾਂ ਅਤੇ ਅਨੈਤਿਕ ਕਰਮਾਂ ਦੇ ਨਸ਼ੇ ਵਿਚ ਡੁੱਬ ਕੇ ਅਸੀਂ ਆਪਣਾ ਰਾਹ ਭੁੱਲ ਜਾਂਦੇ ਹਾਂ ਅਤੇ ਪਾਪ ਤੇ ਪੁੰਨ, ਬੁਰੇ ਤੇ ਭਲੇ ਵਿਚ ਫ਼ਰਕ ਨਹੀਂ ਕਰ ਸਕਦੇ। ਇਹ ਭਾਵ ਦਰਸਾਉਂਦਾ ਹੈ ਕਿ ਨਕਾਰਾਤਮਕਤਾ ਸਾਡੀ ਵਿਚਾਰ-ਸ਼ਕਤੀ ਨੂੰ ਇਸ ਕਦਰ ਧੁੰਦਲਾ ਕਰ ਸਕਦੀ ਹੈ, ਉਸ ਮੱਧਮਈ ਰੇਖਾ ਨੂੰ ਧੁੰਦਲਾ ਕਰ ਦਿੰਦੀ ਹੈ ਜੋ ਸਾਨੂੰ ਪਤਨ ਵੱਲ ਜਾਂ ਸਾਨੂੰ ਉੱਚਾ ਚੁੱਕਦੀ ਹੈ।

ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥
ਆਪਣੀ ਔਲਾਦ ਅਤੇ ਧਨ-ਦੌਲਤ ਨੂੰ ਆਪਣੀਆਂ ਪ੍ਰਾਪਤੀਆਂ ਸਮਝਣਾ ਅਹੰਕਾਰ ਨੂੰ ਜਨਮ ਦੇ ਸਕਦਾ ਹੈ, ਜਿਸ ਕਾਰਨ ਅਸੀਂ ਸਰਬ-ਵਿਆਪਕ ਚੇਤਨਾ ਦੀ ਜਾਗਰੂਕਤਾ ਨੂੰ ਵਿਸਾਰ ਦਿੰਦੇ ਹਾਂ। ਇਹ ਭਾਵ ਦਰਸਾਉਂਦਾ ਹੈ ਕਿ ਧਨ-ਸੰਪਦਾ ਅਤੇ ਪ੍ਰਾਪਤੀਆਂ ਨੂੰ ਜਦੋਂ ਅਸੀਂ ਸ਼ੁਕਰਗੁਜ਼ਾਰੀ ਅਤੇ ਨਿਮਰਤਾ ਦੀ ਥਾਂ ਆਪਣੀ ਮਾਨ ਵਡਿਆਈ ਦੇ ਰੂਪ ਵਜੋਂ ਵੇਖਦੇ ਹਾਂ ਤਾਂ ਉਹ ਸਾਡੀ ਪਛਾਣ ਨਾਲ ਆਪਣਾ ਰਿਸ਼ਤਾ ਜੋੜ ਸਾਨੂੰ ਮੋਹ ਦੇ ਚੱਕਰ ਵਿਚ ਪਾ ਦਿੰਦੀ ਹੈ।

ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥੩॥
ਦੂਜਿਆਂ ਦੀ ਮੌਤ ਨੂੰ ਦੇਖਦਾ ਹੋਇਆ ਵੀ, ਮਨ ਸੰਸਾਰਿਕ ਧਨ-ਸੰਪਦਾ ਦਾ ਮੁਲਾਂਕਣ ਕਰਨ ਵਿਚ ਰੁੱਝਾ ਰਹਿੰਦਾ ਹੈ, ਇਸ ਲਈ ਇਹ ਅੰਤਰੀਵੀ ਪੂਰਤੀ ਤੋਂ ਮੂੰਹ ਮੋੜ ਕੇ, ਅੰਤ ਵਿਚ ਜੀਵਨ ਨੂੰ ਬਰਬਾਦ ਕਰ ਦਿੰਦਾ ਹੈ। ਇਹ ਭਾਵ ਨਾਸ਼ਵਾਨਤਾ ਨੂੰ ਪਛਾਣਨ ਦੇ ਬਾਵਜੂਦ ਵੀ ਮੋਹ ਵਿਚ ਫਸੇ ਰਹਿਣ ਦੀ ਤ੍ਰਾਸਦੀ ਨੂੰ ਦਰਸਾਉਂਦਾ ਹੈ, ਜਿਸ ਨਾਲ ਮਨੁੱਖੀ ਜੀਵਨ ਵਿਚਲੇ ਮਿਲੇ ਦੁਰਲੱਭ ਅਵਸਰ ਵੀ ਬਰਬਾਦ ਹੋ ਜਾਂਦੇ ਹਨ। (੩)

ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥

ਵਾਲ ਚਮੇਲੀ ਦੇ ਫੁੱਲ ਵਾਂਗ ਚਿੱਟੇ ਹੋ ਜਾਂਦੇ ਹਨ ਅਤੇ ਆਵਾਜ਼ ਮੱਧਮ ਪੈ ਜਾਂਦੀ ਹੈ ਸੁਰ ਇੰਨੀ ਕਮਜ਼ੋਰ ਹੋ ਜਾਂਦੀ ਹੈ ਜਿਵੇਂ ਕੋਈ ਸੱਤਵੇਂ ਪਾਤਾਲ ਦੀਆਂ ਗਹਿਰਾਈਆਂ ਵਿਚੋਂ ਬੋਲ ਰਿਹਾ ਹੋਵੇ। ਇਹ ਭਾਵ ਉਸ ਤ੍ਰਾਸਦੀ ਨੂੰ ਦਰਸਾਉਂਦਾ ਹੈ ਜਦੋਂ ਸਰੀਰ ਨਿਰਬਲ ਹੋ ਬੁੱਢਾ ਹੁੰਦਾ ਜਾਂਦਾ ਹੈ, ਪਰ ਅਗਿਆਨੀ ਮਨ ਆਪਣੀ ਅਗਿਆਨਤਾ ਵਿਚ ਹੀ ਟਿਕਿਆ ਰਹਿੰਦਾ ਹੈ।

ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥
ਨਜ਼ਰ ਘੱਟਣ, ਮਨ ਅਤੇ ਸਰੀਰ ਕਮਜ਼ੋਰ ਪੈ ਜਾਣ ਦੇ ਬਾਵਜੂਦ ਵੀ ਸੰਸਾਰਕ ਇੱਛਾਵਾਂ ਅੰਦਰ ਨਿਰੰਤਰ ਭਰਥੂ ਪਾਉਂਦੀਆਂ ਰਹਿੰਦੀਆਂ ਹਨ। ਇਹ ਭਾਵ ਇਕ ਅਜਿਹੇ ਚੰਚਲ ਮਨ ਦੀ ਤਸਵੀਰ ਪੇਸ਼ ਕਰਦਾ ਹੈ ਜੋ ਸਦਾ ਅਤ੍ਰਿਪਤ ਰਹਿੰਦਾ ਹੈ।

ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥
ਭ੍ਰਿਸ਼ਟਤਾ ਨੇ ਬੁੱਧੀ ਨੂੰ ਨਿਰਬਲ ਕਰ ਦਿੱਤਾ ਹੈ ਅਤੇ ਮਨ ਤੇ ਸਰੀਰ ਦੀ ਪਵਿੱਤਰਤਾ ਨੂੰ ਇਸ ਤਰ੍ਹਾਂ ਖੋਖਲਾ ਕਰ ਦਿੱਤਾ ਹੈ ਜਿਵੇਂ ਕੌਲ ਦਾ ਫੁੱਲ ਮੁਰਝਾ ਕੇ ਸੁੱਕ ਜਾਂਦਾ ਹੈ। ਇਹ ਭਾਵ ਇਸ ਹਕੀਕਤ ਨੂੰ ਪੇਸ਼ ਕਰਦਾ ਹੈ ਕਿ ਨਕਾਰਾਤਮਕ ਮਨੋਬਿਰਤੀ ਕਿਵੇਂ ਹਾਨੀਕਾਰਕ ਅਤੇ ਕੁੜੱਤਣ ਭਰੇ ਨਤੀਜਿਆਂ ਨੂੰ ਜਨਮ ਦਿੰਦੀ ਹੈ।

ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥
ਇਸ ਨਾਸ਼ਵਾਨ ਖੰਡ ਵਿਚ ਰਹਿੰਦਿਆਂ ਹੋਇਆਂ ਅਣਡਿਠ ਚੇਤਨਾ ਦੇ ਰਸਤੇ ਨੂੰ ਛੱਡਣ ਨਾਲ ਅੰਤ ਵਿਚ ਪਛਤਾਵਾ ਹੀ ਹੁੰਦਾ ਹੈ। ਇਹ ਭਾਵ ਸਮਾਂ, ਸਰੀਰ ਅਤੇ ਅਵਸਰ ਉਪਲਬਧ ਹੋਣ ਦੇ ਬਾਵਜੂਦ ਵੀ, ਅੰਤਰੀਵੀ ਅਹਿਸਾਸ ਨੂੰ ਨਜ਼ਰਅੰਦਾਜ਼ ਕਰਨ ਦੇ ਦੁੱਖ ਨੂੰ ਦਰਸਾਉਂਦਾ ਹੈ। (੪)

ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥
ਨਾਜ਼ੁਕ ਸਰੀਰ ਨੂੰ ਵੇਖ ਕੇ ਮਨ ਮੋਹਿਤ ਹੋ ਜਾਂਦਾ ਹੈ; ਅਹੰਕਾਰ ਵਿਚ ਲੀਨ ਹੋ ਕੇ ਜੀਵਨ ਦਾ ਅਸਲ ਸਮਝ ਨਹੀਂ ਪਾਉਂਦਾ। ਇਹ ਭਾਵ ਦਰਸਾਉਂਦਾ ਹੈ ਕਿ ਹਉਮੈਂ ਦੇ ਪ੍ਰਭਾਵ ਹੇਠ ਮਨ ਰੂਪ-ਰੰਗ ਅਤੇ ਇੱਛਾਵਾਂ ਦੇ ਮੋਹ ਵਿੱਚ ਫਸ ਜਾਂਦਾ ਹੈ, ਜਦਕਿ ਹਉਮੈਂ ਹੀ ਇਸ ਨੂੰ ਸਰੀਰ ਦੀ ਨਾਸ਼ਵਾਨਤਾ ਅਤੇ ਮਨੁੱਖੀ ਜੀਵਨ ਦੇ ਡੂੰਘੇ ਉਦੇਸ਼ ਨੂੰ ਪਛਾਣਨ ਤੋਂ ਰੋਕਦੀ ਹੈ।

ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥

ਮਨੁੱਖ, ਜੀਵਨ ਨੂੰ ਕਾਇਮ ਰੱਖਣ ਦੀ ਖਾਤਰ ਲਾਲਚੀ ਬਣਿਆ ਰਹਿੰਦਾ ਹੈ; ਇਸ ਇੱਛਾ ਦੇ ਪ੍ਰਭਾਵ ਹੇਠ ਉਹ ਕਿਸੇ ਵੀ ਚੀਜ਼ ਨੂੰ ਸਪਸ਼ਟ ਤੌਰ ’ਤੇ ਨਹੀਂ ਵੇਖ ਸਕਦਾ। ਇਹ ਵਿਅਰਥ ਦੌੜ ਉਸ ਦੂਰਦ੍ਰਿਸ਼ਟੀ ਤੋਂ ਵਾਂਝੀ ਹੈ ਕਿ ਨਾ ਲੰਬੀ ਉਮਰ ਅਤੇ ਨਾ ਹੀ ਧਨ-ਦੌਲਤ ਆਤਮਿਕ ਗਿਆਨ ਜਾਂ ਸੱਚੀ ਜਾਗਰੂਕਤਾ ਦੀ ਸ਼ਾਹਦੀ ਦਿੰਦੇ ਹਨ।

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥

ਸਮਰਥਾ ਖ਼ਤਮ ਹੋ ਚੁੱਕੀ ਹੈ, ਚਮਕ-ਦਮਕ ਮਿਟ ਗਈ ਹੈ, ਅਤੇ ਪੰਛੀ ਵਰਗਾ ਚੰਚਲ ਮਨ ਘਰ ਜਾਂ ਵਿਹੜੇ ਵਿਚ ਵੀ ਸੁਖ-ਚੈਨ ਨਹੀਂ ਭਾਲ ਪਾਉਂਦਾ। ਘਰ ਅਤੇ ਵਿਹੜੇ ਦਾ ਇਹ ਸੰਕੇਤ ਉਸ ਅੰਤਰ-ਆਤਮਾ ਦੀ ਬੇਚੈਨੀ ਨੂੰ ਦਰਸਾਉਂਦਾ ਹੈ, ਜਦੋਂ ਧਨ-ਦੌਲਤ, ਜਾਇਦਾਦ ਜਾਂ ਹੋਰ ਭੌਤਿਕ ਵਸਤਾਂ ਮਨ ਨੂੰ ਅੰਤਰੀਵੀ ਸ਼ਾਂਤੀ ਦੇਣ ਵਿਚ ਅਸਮਰੱਥ ਹੋ ਜਾਂਦੀਆਂ ਹਨ।

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥

ਬੇਣੀ ਕਹਿੰਦੇ ਹਨ, “ਹੇ ਸਾਧਕੋ, ਸੁਣੋ ,ਅਸਲ ਵਿਚ ਮੌਤ ਤੋਂ ਬਾਅਦ ਮੁਕਤੀ ਕਿਸ ਨੇ ਪ੍ਰਾਪਤ ਕੀਤੀ ਹੈ?” ਇਹ ਭਾਵ ਇਕ ਗੂੜ੍ਹ ਅੰਤਰੀਵੀ ਪ੍ਰਸ਼ਨ ਖੜ੍ਹਾ ਕਰਦਾ ਹੈ ਮੁਕਤੀ :ਦੇਹੀ ਨੂੰ ਮੌਤ ਦੇ ਕਲਾਵੇ ਵਿਚੋਂ ਮੁਕਤ ਕਰਨ ਨਾਲ ਨਹੀਂ, ਸਗੋਂ ਜੀਵਨ ਦੇ ਸਮਾਪਤ ਹੋਣ ਤੋਂ ਪਹਿਲਾਂ ਡਰ, ਅਹੰਕਾਰ, ਤ੍ਰਿਸ਼ਨਾ ਅਤੇ ਪਛਤਾਵੇ ਤੋਂ ਆਜ਼ਾਦ ਹੋ ਜਾਣ ਵਿਚ ਨਿਹਿਤ ਹੈ। (੫)

ਤੱਤ: ਭਗਤ ਬੇਣੀ ਸਾਨੂੰ ਤਾਕੀਦ ਕਰਦੇ ਹਨ ਕਿ ਅਸੀਂ ਇਹ ਵਿਚਾਰ ਕਰੀਏ ਕਿ ਸਰੀਰਕ ਮੌਤ ਤੋਂ ਬਾਅਦ ਕੌਣ ਸੱਚਮੁੱਚ ਮੁਕਤੀ ਪ੍ਰਾਪਤ ਕਰਦਾ ਹੈ ਜੇਕਰ ਕਿਸੇ ਨੇ ਆਪਣੇ ਜੀਵਨ ਕਾਲ ਦੌਰਾਨ, ਆਪਣੇ ਆਪ ਨੂੰ ਹਉਮੈ, ਸੰਸਾਰਿਕ ਇੱਛਾਵਾਂ ਅਤੇ ਛਿੰਨ-ਭੰਗਰ ਵਿਚਾਰਾਂ ਤੋਂ ਮੁਕਤ ਨਹੀਂ ਕੀਤਾ। ਉਹ ਦਾਅਵਾ ਕਰਦੇ ਹਨ ਕਿ ਭੌਤਿਕ ਸਰੀਰ ਨਾਲ ਆਪਣੇ ਲਗਾਵ ਨੂੰ ਛੱਡ ਕੇ ਅਤੇ ਉੱਚ ਚੇਤਨਾ ਨੂੰ ਧਾਰਨ ਕਰ, ਅਸੀਂ ਬੰਧਨ ਦੀਆਂ ਜ਼ੰਜੀਰਾਂ ਨੂੰ ਤੋੜ ਸਕਦੇ ਹਾਂ ਅਤੇ ਸੱਚੀ ਮੁਕਤੀ ਦਾ ਅਨੁਭਵ ਕਰ ਸਕਦੇ ਹਾਂ। ਅੰਤਰੀਵੀ ਆਜ਼ਾਦੀ ਦੀ ਇਹ ਯਾਤਰਾ ਜੀਉਂਦੇ ਜੀਅ ਹੀ ਸੱਚੀ ਮੁਕਤੀ ਦੀ ਦਾਤੀ ਹੈ।

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**